© ਅਰਮਾਨ (ARMAAN) | ISSN: 2583-9446 (O)

# ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040321

Volume 4, Issue 3 | July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.21

| DOI | Received Date | Accepted Date | Published Date |
|---|---|---|---|
| 10.64119/armaan.vol.4.issue3.21 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਜੰਗ ਅਤੇ ਔਰਤਾਂ ਦੀ ਵੇਦਨਮਈ ਹੂਕ ਦਾ ਕਾਵਿ-ਨਾਟ: ਉਡੀਕਾਂ

## Jang Ate Auratan Di Vedanmai Hook Da Kaav-Naat: Udeekan

**ਡਾ. ਚੰਦਰ ਪ੍ਰਕਾਸ਼ (Dr. Chander Parkash)**

ਮੁਖੀ, ਪੀ. ਜੀ. ਪੰਜਾਬੀ ਵਿਭਾਗ (Head, P.G. Dept. of Punjabi)

ਐਮ ਐਮ ਡੀ. ਡੀ ਏ ਵੀ ਕਾਲਜ, ਗਿੱਦੜਬਾਹਾ (ਪੰਜਾਬ)- 152101

ORCID: 0009-0008-9505-2095

*E-Mail: chanderadeeb@gmail.com*

**ਸਾਰ (Abstract)**

*ਜੰਗ ਵਿਰੁੱਧ ਬੁੱਧੀਜੀਵੀ, ਲੇਖਕ, ਕਲਾਵਾਨ, ਕਾਰਕੁੰਨ ਸਰਗਰਮ ਭੂਮਿਕਾ ਨਿਭਾਉਂਦੇ ਰਹੇ ਹਨ। ਇਪਟਾ ਅਤੇ ਅਮਨ ਲਹਿਰ ਨੇ ਵੀ ਇਸ ਵਿੱਚ ਚੋਖਾ ਯੋਗਦਾਨ ਪਾਇਆ ਹੈ। ਇਨ੍ਹਾਂ ਵੇਲਿਆਂ ਵਿੱਚ ਸਾਹਿਤਕ, ਸਮਾਜਕ ਸੰਗਠਨਾਂ ਨੇ 'ਜੰਗ ਬਨਾਮ ਅਮਨ' ਬਾਰੇ ਗੱਲ ਤੋਰਨ ਦੇ ਯਤਨ ਕੀਤੇ ਹਨ। ਪਰ ਸਰਕਾਰੀ ਸਰਪ੍ਰਸਤੀ ਵੱਲੋਂ ਸੰਚਾਲਤ ਮੀਡੀਆ 'ਤੇ ਇਹੋ ਜਿਹੀਆਂ ਖ਼ਬਰਾਂ ਨੂੰ 'ਵਾਂਝੇ' ਰੱਖਿਆ ਜਾਂਦਾ ਹੈ। ਦੂਜੇ ਬੰਨੇ ਠੋਸ ਲਿਖ਼ਤਾਂ, ਕਲਾਵਾਂ ਆਪਣੀ ਜ਼ਿੰਮੇਵਾਰੀ ਨੂੰ ਸਦਾ ਚੇਤੇ ਰੱਖਦੀਆਂ ਹਨ। ਕੇਵਲ ਧਾਲੀਵਾਲ ਦੀ ਸਮਾਜਕ ਪ੍ਰਤੀਬੱਧਤਾ 'ਨਾਟ-ਗਤਵਿਧੀਆਂ' ਰਾਹੀਂ ਜਾਰੀ ਰਹਿੰਦੀ ਹੈ। ਇਸ ਕਾਵਿ-ਨਾਟ ਵਿੱਚ ਜੰਗ ਅਤੇ ਔਰਤਾਂ ਦੇ ਪ੍ਰਸੰਗ ਨੂੰ ਚੁਣਦੇ ਹੋਏ 'ਸਿਆਸੀ ਚੋਟ' ਵੀ ਕੀਤੀ ਗਈ ਹੈ। ਸਿਰਜਣ ਅਤੇ ਮੰਚਣ ਦੀ ਦੂਹਰੀ ਭੂਮਿਕਾ ਵਾਲੀ ਵਿਧਾ ਦਾ ਸਿੱਧਾ ਸੰਬੰਧ, ਸੰਬੋਧਨ ਪਾਠਕ-ਦਰਸ਼ਕ ਨੂੰ ਨਾਲ ਜੋੜਨ ਵਿੱਚ ਮਦਦਗਾਰ ਸਿੱਧ ਹੁੰਦਾ ਹੈ।*

**ਮੁੱਖ-ਸ਼ਬਦ (Keywords)**

*ਜੰਗ, ਔਰਤਾਂ, ਕਾਵਿ-ਨਾਟ, ਕੇਵਲ ਧਾਲੀਵਾਲ, ਫੌਜੀ, ਉਡੀਕਾਂ।*

ਕੇਵਲ ਧਾਲੀਵਾਲ ਵੱਲੋਂ ਲਿਖੇ ਕਾਵਿ ਨਾਟਕ 'ਉਡੀਕਾਂ' ਦਾ ਸਬੰਧ 'ਯੁੱਧ ਵਿਰੁੱਧ' ਹੈ। ਔਰਤਾਂ ਦੀ ਵੇਦਨਾ ਦੇ ਹਵਾਲੇ ਨਾਲ। ਚਰਚਾ ਅਧੀਨ ਕਾਵਿ-ਨਾਟ ਦੇ ਮੁੱਖ ਸਰੋਕਾਰ ਇਸ ਪ੍ਰਕਾਰ ਹਨ:-

### ੳ. ਜੰਗ ਅਤੇ ਔਰਤਾਂ: ਕਾਵਿ-ਪ੍ਰਸੰਗ

ਜੰਗ, ਤਾਂ ਜੰਗ ਹੀ ਹੈ। ਚਾਹੇ; ਉਹ ਕਿਸੇ ਸਮੇਂ ਸਥਾਨ ਵਿੱਚ ਵਾਪਰੇ। ਜੰਗ ਕਾਰਣ ਸਿਆਸੀ, ਸਮਾਜਕ, ਸੱਭਿਆਚਾਰਕ, ਆਰਥਿਕ ਸਮੀਕਰਣ ਬਦਲਦੇ ਹਨ। ਇਜ਼ਰਾਇਲ, ਅਮਰੀਕਾ, ਇਰਾਨ ਦੇ ਤਾਜ਼ੇ ਜੰਗੀ ਹਾਲਾਤ ਕਰਕੇ ਹੋਰਨਾਂ ਮੁਲਕਾਂ ਵਿੱਚ ਵੀ ਮੰਦਹਾਲੀ, ਮਹਿੰਗਾਈ ਦਾ ਮਾਹੌਲ ਬਣਿਆ। ਸਕੂਲੀ ਬੱਚੀਆਂ ਸਮੇਤ ਬੇਕਸੂਰ ਜੰਗ ਦੀ ਮਾਰ ਹੇਠ ਵੱਖਰੇ ਆਏ। *"ਇਹ ਬਦੋਬਦੀ ਦੀ ਆਪੇ ਸਹੇੜੀ ਜੰਗ ਤਕਰੀਬਨ ਹਰ ਰੋਜ਼ ਦਾ ਲਗਭਗ ਇੱਕ ਅਰਬ ਡਾਲਰ ਡਕਾਰ ਰਹੀ ਹੈ।"* [1] ਸਰਮਾਏਦਾਰ ਮੁਲਕ, ਮਾਲਕ ਦੀ ਧੌਂਸਬਾਜ਼ੀ ਅਪਰਾਧ-ਅਧਿਕਾਰ ਸਮਝਦੀ ਹੈ। ਅਤੇ ਇਸਦੀ ਨਿੰਦਾ, ਨਿਖੇਧੀ ਦੇ ਪ੍ਰਸਤਾਵ ਨੂੰ ਠੁਕਰਾਉਣਾ ਹੱਕ। ਇਤਿਹਾਸ ਗਾਮੀ ਭਰਦਾ ਹੈ ਕਿ ਜਬਰੀ ਥੋਪੀ ਜੰਗ ਵਿੱਚ ਅਣਕਿਆਸਿਆ ਵੀ ਵਾਪਰਦਾ ਹੈ। ਉਨੀਵੀਂ ਸਦੀ ਦੇ ਅੰਤਲੇ ਪੜਾਅ 'ਤੇ ਪੰਜਾਬ ਦੇ ਜੰਮੇ-ਜਾਇਆਂ ਨੂੰ ਚੀਨ, ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਦੀਆਂ ਜੰਗਾਂ ਵਿੱਚ ਭੇਜਿਆ ਗਿਆ। ਜ਼ਬਰਦਸਤੀ ਭਰਤੀ ਕਰਕੇ। ਅਣਸੁਖਾਵੀਂ ਸਥਿਤੀ ਵਿੱਚੋਂ ਪੁੱਤ, ਪਤੀ, ਵੀਰ ਨਾਲ ਜੁੜੇ ਨਿੱਘ ਰਿਸ਼ਤੇ ਨੂੰ ਗਹਿਰੀ ਠੇਸ ਪਹੁੰਚਾਈ ਗਈ। ਦੁੱਖ, ਉਦਾਸੀ, ਡਰ, ਸਹਿਮ ਹੰਢਾਉਂਦੀ ਔਰਤ ਦੇ ਤਨ-ਮਨ 'ਉਡੀਕਾਂ' ਬਣੇ। ਇਹ ਕਾਵਿ-ਨਾਟਕ ਜੰਗ-ਪੀੜਾਂ ਨੂੰ ਸਹਿੰਦੀਆਂ ਔਰਤਾਂ ਦੇ ਜਿਸਮ-ਸਾਹ ਦੀ ਉਡੀਕ ਕਹਾਣੀ 'ਤੇ ਕੇਂਦਰਿਤ ਹੈ।

ਕਾਵਿ-ਨਾਟਕ ਦਾ ਧਰਾਤਲੀ ਪ੍ਰਸੰਗ ਭਾਵੇਂ ਪੰਜਾਬ, ਸਥਾਨਕਤਾ ਨਾਲ ਜੁੜਿਆ ਹੈ;ਪਰ ਔਰਤ ਵੇਦਨਾ ਦਾ ਸਰੂਪ ਵਿਸ਼ਵ-ਵਿਆਪੀ ਹੋ ਨਿਬੜਦਾ ਹੈ। ਨਾਟਕਕਾਰ ਨੇ ਲੋਕ-ਕਾਵਿ ਨੂੰ ਲੋੜ ਅਨੁਸਾਰ ਚੁਣ, ਰੂਪਾਂਤਰਣ ਕਰਕੇ ਇਸ 'ਬੇਵੱਸੀ' ਦਾ ਅਰਥ-ਵਿਸਥਾਰ ਕੀਤਾ ਹੈ। ਲੋਕ-ਕਾਵਿ ਜਿੱਥੇ ਭਾਵਾਂ, ਉਮੰਗਾਂ, ਸੱਧਰਾਂ ਦਾ ਵਹਾਅ ਬਣਦਾ ਹੈ, ਉੱਥੇ 'ਇਤਿਹਾਸਕ ਪਰਿਪੇਖ' ਵੀ ਸਿਰਜਦਾ ਹੈ। ਇਉਂ ਭੂਤਕਾਲ,

ਵਰਤਮਾਨ ਦਾ ਨਾਤਾ ਬਣਦਾ ਹੈ। ਨਾਟਕ ਦੇ ਆਰੰਭਲੇ ਕਾਵਿ-ਸੰਵਾਦ 'ਨਿੱਘ-ਭਾਵਨਾ ਅਤੇ 'ਇਤਿਹਾਸ' ਦੋਵਾਂ ਦੀ ਪੁਸ਼ਟੀ ਕਰਦੇ ਹਨ: *ਮਾਵਾਂ ਦੇ ਸਭ ਬੱਚੜੇ ਸ਼ਾਲਾ ਪਰਦੇਸ/ਮੌਲਾ ਲਾਮ ਤੋਰੇ ਨੇ, ਅਸੀਂ ਜੀਵੀਏ ਵੇ ਕਿਸ ਵੇਸ/ਮੁਰਸ਼ਦ ਵੇ, ਫੌਜਾਂ ਦੀ ਸੁਲਾਹ ਕਰਾ/ਫ਼ੌਜਾਂ ਹੁਸੜ ਗਈਆਂ, ਜਹਾਜ਼ ਕਿਨਾਰੇ ਲਾ। ਛੱਜ ਵਿਚ ਬਾਜਰੇ ਦੇ ਦਾਣੇ/ਵੀਰ ਮੇਰਾ ਜਵਾਨੀ ਮਾਣੇ/ਮੁਰਸ਼ਦ ਵੇ, ਫੌਜਾਂ ਦੀ ਸੁਲਾਹ ਕਰਾ..।* [2] ਔਰਤ ਜੰਗ 'ਚੋਣ' ਦੀ ਥਾਂ 'ਸੁਲਾਹ' ਨੂੰ ਤਰਜੀਹ ਦਿੰਦੀ ਹੈ। ਇਉਂ ਕੋਰਸ ਗੀਤ 'ਮੇਰਾ ਲਿਖ ਰੰਡੀਆਂ ਵਿੱਚ ਨਾਵਾਂ, ਬਸਰੇ ਨੂੰ ਜਾਣ ਵਾਲਿਆ' ਦੇ ਨਾਲ ਨਾਲ ਫ਼ੌਜੀ ਅਤੇ ਉਸਦੀ ਪਤਨੀ ਦੇ ਕਾਵਿ-ਬੋਲ 'ਉਦਾਸ ਭਾਵਾਂ' ਦੀ ਪੇਸ਼ਕਾਰੀ ਕਰਦੇ ਹਨ:-

- *ਫੌਜਣ : ਕਟੋਰਾ ਕਾਂਸੀ ਦਾ/ਤੇਰੀ ਵੇ ਜੁਦਾਈ ਏਦਾਂ/ ਜਿੱਦਾਂ ਝੂਟਾ ਫਾਂਸੀ ਦਾ*
- *ਫੌਜੀ : ਮੈਂ ਲਿਖਾਂਗਾ ਤੈਨੂੰ ਚਿੱਠੀਆਂ/ ਬੱਸ ਮਿੱਠੀਆਂ/ ਮਿੱਠੀਆਂ, ਮਿੱਠੀਆਂ /ਤੂੰ ਜਾਣ ਦੇ ਮੈਨੂੰ*
- *ਫੌਜਣ :ਮੈਂ ਹਿੱਕ ਨਾਲ ਤਾਂ ਲਾ ਲਾਂਗੀ/ ਚਿੱਠੀਆਂ/ ਤੇਰੀਆਂ ਮਿੱਠੀਆਂ/ ਤੂੰ ਦੱਸ ਤੇ ਜਾ ਮੁਕਾਮ/ਚਿੱਠੀਆਂ ਦੇਣਾ ਨਹੀਂ ਆਰਾਮ* [3]

ਬਸਰੇ ਦੀ ਲਾਮ ਨੂੰ ਇਤਿਹਾਸ ਨਾਲ ਜੋੜਦਿਆਂ ਸਵਰਾਜਬੀਰ ਨੇ ਲਿਖਿਆ ਹੈ:'ਬਸਰਾ ਇਰਾਕ ਦਾ ਵੱਡਾ ਸ਼ਹਿਰ ਹੈ, ਛਾਉਣੀ, ਬੰਦਰਗਾਹ, ਵਪਾਰਕ ਕੇਂਦਰ। ਪਹਿਲੀ ਆਲਮੀ ਜੰਗ ਸਮੇਂ ਮੈਸੋਪੋਟੇਮੀਆ (ਲਗਭਗ ਆਧੁਨਿਕ ਇਰਾਕ) ਓਟੋਮਨ ਬਾਦਸ਼ਾਹਤ ਦਾ ਹਿੱਸਾ ਸੀ। ਇਸ ਜੰਗ ਦੌਰਾਨ ਅੰਗਰੇਜ਼ਾਂ ਦੀ ਸਾਮਰਾਜੀ ਫ਼ੌਜ ਨੇ ਇਸ 'ਤੇ ਹਮਲਾ ਕੀਤਾ। ਹਮਲਾ ਕਰਨ ਵਾਲੀ ਫ਼ੌਜ ਵਿਚ ਬਹੁਗਿਣਤੀ ਹਿੰਦੋਸਤਾਨ 'ਚੋਂ ਤੇ ਹਿੰਦੋਸਤਾਨ ਵਿੱਚੋਂ ਪੰਜਾਬ 'ਚੋਂ ਭਰਤੀ ਕੀਤੇ ਸੈਨਿਕਾਂ ਦੀ ਸੀ। ਬਸਰੇ ਵਿਚ 5000 ਸੈਨਿਕ ਜਿਨ੍ਹਾਂ ਦੇ ਨਾਮ-ਪਤੇ ਪਤਾ ਸਨ, ਦਫ਼ਨਾਏ ਗਏ ਤੇ ਲਗਭਗ 40, 000 ਗੁੰਮਨਾਮ ਸੈਨਿਕ। ਹਮਲਾ ਕਰਨ ਵਾਲੀ ਫ਼ੌਜ ਦਾ ਨਾਂ ਇੰਡੀਅਨ ਐਕਸਪੀਡੀਸ਼ਨਰੀ ਫੋਰਸ 'ਡੀ' (Indian Expeditionery Force 'D') ਸੀ। ਬਸਰਾ ਜਲਦੀ ਫ਼ਤਿਹ ਹੋ ਗਿਆ ਪਰ ਪੂਰੇ ਮੈਸੋਪੋਟੇਮੀਆ 'ਤੇ ਕਬਜ਼ਾ ਕਰਨ ਦੀ ਜੰਗ ਚਾਰ ਸਾਲ ਚੱਲਦੀ ਰਹੀ। ਤੇ ਉਸ ਦੌਰਾਨ ਔਰਤਾਂ ਕੀ ਸਹਿ ਰਹੀਆਂ ਸਨ : ਮੌਤ, ਵਿਛੋੜਾ, ਦੂਰੀਆਂ, ਕੋਈ ਸੁੱਖ-ਸੁਨੇਹਾ ਨਹੀਂ, ਕੋਈ ਅਤਾ-ਪਤਾ ਨਹੀਂ ਕਿ ਕੋਈ ਜੀਉਂਦਾ ਹੈ ਜਾਂ ਮਰ ਗਿਆ। ਮੈਸੋਪੋਟੇਮੀਆ 'ਤੇ ਕਬਜ਼ਾ ਕਰਨ ਲਈ ਕਈ ਲੜਾਈਆਂ ਹੋਈਆਂ ਪਰ ਪੰਜਾਬੀ ਲੋਕ-ਮਨ ਵਿਚ ਇਨ੍ਹਾਂ ਲੜਾਈਆਂ ਦੀ ਲੜੀ ਬਸਰੇ ਦੀ ਜੰਗ ਵਜੋਂ ਅੰਕਿਤ ਹੈ। ਨਾਟਕ ਵਿਚ ਦਰਜ ਇਕ ਹੋਰ ਲੋਕ ਗੀਤ *'ਕਾਹਨੂੰ ਤੇ ਪੁਆਈਆਂ ਵੇ ਕੋਠੜੀਆਂ/ ਕਾਹਨੂੰ ਰੱਖਿਆ ਈ ਵਿਹੜਾ/ ਤੂੰ ਦੂਰ ਚੱਲਿਆ ਨੌਕਰੀ / ਵੇ ਪਿੱਛੇ ਵਸੇਗਾ ਕਿਹੜਾ' ਪਹਿਲੀ ਆਲਮੀ ਜੰਗ ਦੇ ਵੇਲੇ ਦਾ ਹੀ ਮੰਨਿਆ ਜਾਂਦਾ ਹੈ।* [4] ਇਸ ਕੜੀ ਅਧੀਨ ਹੀ ਉੱਘੇ ਕਮਿਊਨਿਸਟ ਆਗੂ ਮਖ਼ਦੂਮ ਮੋਹਿਉਦੀਨ ਦੇ ਗੀਤ *'ਜਾਣ ਵਾਲੇ ਸਿਪਾਹੀ ਸੇ ਪੂਛੋ, ਵੋਹ ਕਹਾਂ ਜਾ ਰਹਾ ਹੈ* 'ਦਾ *ਪੰਜਾਬੀ ਰੂਪਾਂਤਰ 'ਬਲਦੀਆਂ ਲਾਸ਼ਾਂ ਦੀ ਬੋਅ ਆ ਰਹੀ ਹੈ/ਜ਼ਿੰਦਗੀ ਹੈ ਕਿ ਚਿਲਾ ਰਹੀ ਹੈ/ਜਾਣ ਵਾਲੇ ਸਿਪਾਹੀ ਨੂੰ ਪੁੱਛੋ/ ਉਹ ਕਿਧਰ ਜਾ ਰਿਹਾ ਹੈ/ ਕਿੰਦਾਂ ਸਹਿਮੇ ਹੋਏ ਨੇ ਨਜ਼ਾਰੇ/ ਕਿੱਦਾਂ ਡਰ-ਡਰ ਕੇ ਤੁਰਦੇ ਨੇ ਤਾਰੇ /ਕੀ ਜਵਾਨੀ ਦਾ ਖ਼ੂਨ ਹੋ ਰਿਹਾ ਹੈ /ਦੁਪਟਿਆਂ ਦੇ ਸੁਰਖ ਨੇ ਕਿਨਾਰੇ'* [5] ਦੂਜੀ ਆਲਮੀ ਜੰਗ ਨਾਲ ਸੰਬੰਧਤ ਹੈ।

ਪਹਿਲੀ ਆਲਮੀ ਜੰਗ ਦਾ ਸਮਾਂ 1914-1918 ਹੈ। ਅਤੇ ਦੂਜੀ 1939 1945। ਇਸ ਬਾਅਦ 1947 ਵਾਲੀ ਪੰਜਾਬ ਵੰਡ ਵੀ ਨਾਟ 'ਚ ਸ਼ਾਮਲ ਹੁੰਦੀ ਹੈ। ਇਹ ਜੰਗ ਤੋਂ ਵੀ ਭਿਆਨਕ ਵੇਲ਼ਾ ਹੈ। ਕਤਲੋਗਾਰਤ, ਉਜਾੜਾ, ਉਧਾਲੇ, ਵਿਛੋੜੇ, ਧਰਤੀ, ਧਰਮ ਆਦਿ 'ਅਣਮਨੁੱਖਤਾ' ਵਿੱਚ ਤਬਦੀਲ ਹੁੰਦੇ ਹਨ। ਪੰਜ ਪਾਣੀਆਂ ਦੀ 'ਪਵਿੱਤਰਤਾ' ਖ਼ਤਮ ਹੁੰਦੀ ਹੈ:'ਇਧਰ ਵੀ ਤੇ ਓਧਰ ਵੀ/ਭਰ ਦਿੱਤੇ ਲੋਕਾਂ ਖੂਹ/ਜੀਂਦੀਆਂ ਲਾਸ਼ਾਂ ਨਾਲ'।

ਧਰਮ, ਸਮਾਜ ਦੀ ਹੀ ਪੈਦਾਵਾਰ ਹੈ। ਅਤੇ ਇਹ ਬੰਦੇ ਨੂੰ ਧਰਤੀ ਨਾਲੋਂ ਪਾੜਦਾ ਹੈ। ਇਸ ਸਮਾਜਕ, ਸਭਿਆਚਾਰਕ ਦੁਵੰਡ ਵਿੱਚ ਔਰਤਾਂ ਪਲ ਪਲ ਮਰ ਕੇ ਵੀ ਜੀਣ ਲਈ ਹੀਲਾ ਕਰਦੀਆਂ ਹੋਈਆਂ ਜੰਗ ਖ਼ਿਲਾਫ਼ ਹਾਕਮ ਨੂੰ ਸਵਾਲ ਕਰਦੀਆਂ ਹਨ:- *'ਪੁੱਤ ਦੀ ਲੋਥ/ਮੈਂ ਜਦ ਤੱਕੀ/ਟੁਕੜੇ-ਟੁਕੜੇ/ਪੁੱਛਿਆ ਸਵਾਲ ਮੈਂ/ਹਾਕਮ ਨੂੰ/ਪੁੱਤ ਮੇਰੇ ਨੂੰ ਜਦ ਤੂੰ/ਭਰਤੀ ਕੀਤਾ ਸੀ/ਤੈਨੂੰ ਸੌਂਪਿਆ ਸੀ ਮੈਂ/ਛੇ ਫੁੱਟ ਗੱਭਰੂ/ਚੌੜੀ ਛਾਤੀ/ਦਗਦਾ ਮੱਘਦਾ/ਸੋਹਣਾ ਚਿਹਰਾ –ਮਾਵਾਂ ਪੁੱਤਾਂ ਨੂੰ ਪਾਲਦੀਆਂ ਨਾ ਟੁਕੜਿਆਂ ਵਿੱਚ।* [6] ਸੱਤਾ ਜਵਾਨਾਂ, ਸਮਾਜ ਨੂੰ 'ਟੋਟਿਆਂ' ਵਿੱਚ ਵੰਡ ਕੇ ਸੋਸ਼ਣ ਕਰਦੀ ਹੈ। ਹਾਕਮ ਦੀ 'ਚੁੱਪ' ਵੀ 'ਸਾਜ਼ਿਸ਼' ਦਾ ਪ੍ਰਮਾਣ ਹੈ। ਉਸਨੂੰ ਸਵਾਲ ਕਰਨਾ 'ਦੇਸ਼ ਧ੍ਰੋਹੀ' ਅਖਵਾਉਣਾ ਹੈ। ਸਿਰਜਿਆ ਜਾ ਰਿਹਾ 'ਸਿਆਸੀ-ਧਰਮ ਪ੍ਰਵਚਨ' ਗੁੰਝਲਦਾਰ ਸਥਿਤੀਆਂ ਦਾ ਜਨਮਦਾਤਾ ਬਣਦਾ ਹੈ।

ਕਾਵਿ-ਨਾਟ ਦੀ ਕਥਾ ਤੁਰਦੀ ਜਾਂਦੀ ਹੈ; ਸਮਾਂ ਜੰਗ ਨਾਲ ਮੇਚ ਖਾ ਕੇ ਵੀ:ਪਾਰ ਚਲਾ ਜਾਂਦਾ ਹੈ। ਅਤੇ ਦੰਗੇ, ਨਸਲਕੁਸ਼ੀ ਨਾਲ ਜਾ ਜੁੜਦਾ ਹੈ:- *ਮੁਲਕ ਦੇ ਅੰਦਰ/ਮੁਲਕ ਦੇ ਬਾਹਰ/ਭਾਂਬੜ-ਭਾਂਬੜ-ਭਾਂਬੜ/ਦੰਗੇ ਹੋਵਣ/ਨਸਲਕੁਸ਼ੀ/ਬਲਦੇ ਟੈਰ/ਹਰ ਪਾਸੇ ਨੇ/ ਭਾਂਬੜ-ਭਾਂਬੜ-ਭਾਂਬੜ।* [7] ਦੰਗੇ ਵੀ ਜੰਗ ਅੰਗ ਹੀ ਹਨ। ਮਾਂ, ਇਸ ਹਨੇਰਗਰਦੀ ਬਾਰੇ ਪੁੱਤ ਤੋਂ ਇੱਛਾ ਰੱਖਦੀ ਹੈ:-*ਇਸੇ ਲਈ ਨਫਰਤ ਹੈ ਮੈਨੂੰ/ਹਰ ਕਮੀਨਗੀ ਨਾਲ/ਹੈ ਗੁੱਸਾ/ਹਰ ਅਨਿਆਂ ਵਿਰੁੱਧ/ਮੈਂ ਚਾਹੁੰਦੀ ਆਂ/ਮੇਰਾ ਪੁੱਤਰ ਹਰ ਹਨੇਰੇ/ਯੁੱਗ ਬਾਰੇ ਗੱਲ ਕਰੇ/ਦਸੇ ਆਪਣੀਆਂ ਵੀ/ਕਮਜ਼ੋਰੀਆਂ/ਤੇ ਉੱਚੇ ਲਾਲ ਭਾਂਬੜਾਂ ਵਿਚ ਘਿਰੇ/ ਅਸਮਾਨ ਨਾਲ ਵੀ/ ਮਿਲਾਵੇ ਨਜ਼ਰ।* [8] ਹਨੇਰੇ ਨੂੰ 'ਚਾਨਣ' ਹੀ ਮਾਤ ਪਾ ਸਕਦਾ ਹੈ।

ਸਰਹੱਦੀ ਮੁਲਕਾਂ ਨਾਲ ਬਣਦੇ ਤਣਾਅ-ਸਹਿਜ ਨੂੰ ਸੱਤਾ ਆਪਣੇ ਅਨੁਸਾਰ ਮੋੜ ਦਿੰਦੀ ਹੈ। ਬਿਰਤਾਂਤ ਘੜਦੀ ਹੈ। ਨਾਟ-ਸਿਖਰ 'ਤੇ ਬੀਤੇ ਵੇਲੇ ਵਾਪਰੀ ਘਟਨਾ ਨੂੰ ਸ਼ਾਮਲ ਕਰਦੇ ਹੋਏ ਕਥਾ-ਪ੍ਰਸੰਗ ਦਾ ਖੇਤਰ ਹੋਰ ਵਸੀਹ ਕਰ ਦਿੱਤਾ ਜਾਂਦਾ ਹੈ। ਔਰਤ ਦੇ ਦਰਦ ਦਾ ਇਸ਼ਾਰਾ ਵੇਖੋ: *ਮਨਭਾਉਂਦੇ ਜਿੱਤ ਦੇ ਜਸ਼ਨ/ਕੁਝ ਪਰਤ ਆਏ/ਤੇ ਕੁਝ/ਟੁਕੜੇ ਟੁਕੜੇ ਹੋ ਕੇ/ਬੰਦ ਤਾਬੂਤਾਂ/ਵਿੱਚ ਲਿਆ ਧਰੇ/ਸਾਡੇ ਸਾਹਮਣੇ* [9]

ਨਾਟਕਕਾਰ ਨੇ ਕਾਵਿ-ਟੁਕੜੀਆਂ ਆਸਰੇ 'ਔਰਤ ਦੁਖਾਂਤ' ਨੂੰ ਪੇਸ਼ ਕਰਦਿਆਂ ਮਾਂ-ਪੁੱਤ ਦੇ ਖ਼ਤ-ਫੋਨ ਸੰਵਾਦ ਵੀ ਦਰਜ ਕੀਤੇ ਹਨ। ਇਨ੍ਹਾਂ 'ਚ ਜੰਗ ਦੇ ਤਰਕ-ਵਿਤਰਕ ਹਨ; ਦੇਸ਼ ਮੁਹੱਬਤ-ਨਫ਼ਰਤ ਬਾਰੇ ਵਿਚਾਰ ਵਟਾਂਦਰਾ ਹੈ। ਸਾਰ ਤੱਤ ਨਿਕਲਦਾ ਹੈ ਕਿ ਜੰਗ ਵਿੱਚ ਕੁਰਬਾਨ ਹੋਣ ਵਾਲੇ 'ਕਿਰਤੀਆਂ ਦੇ ਹੀ ਪੁੱਤ' ਹਨ। ਸੋ 'ਸੋਗ ਨਾ ਮਨਾਇਓ ਮੇਰਾ/ਖ਼ਤ ਪੜ੍ਹ ਕੇ/ਮੈਂ ਪੁੱਤ ਕਿਰਤੀਆਂ ਦਾ/ਮਾਤ ਭੂਮੀ ਤੋਂ ਵੱਡਾ। 10ਸਰਕਾਰਾਂ ਦੀ ਚਾਬਕ ਸ਼ਕਤੀ ਪੂੰਜੀਵਾਦੀ ਜਮਾਤ ਕੋਲ ਸੁਰੱਖਿਅਤ ਹੈ। ਮਾਨਵਤਾ ਦੇ ਮਾਅਨੇ ਮੁੱਲਹੀਣ।

ਇਉਂ ਨਾਟਕ, ਉਜਾੜਿਆਂ ਦੇ ਕਾਰਣਾਂ ਦੀ ਪੜਚੋਲਵੀਂ ਪੜ੍ਹਤ ਤਿਆਰ ਕਰਦਾ ਹੈ; ਔਰਤਾਂ ਦੇ ਭਾਵ-ਸੰਵਾਦ ਸੰਗ ਕਰਕੇ।

**ਅ. ਸੁੰਨਸਾਨ ਸਟੇਸ਼ਨ 'ਤੇ ਉਡੀਕਾਂ: ਵੇਦਨਾਮਈ ਸਫ਼ਰ**

ਉਡੀਕ, ਉਡੀਕਾਂ ਦੇ ਉਚਾਰ, ਬੋਲ ਵਿੱਚ ਇਸਦੇ ਅਰਥ ਛੁਪੇ ਹੋਏ ਹਨ:- ਇੰਤਜ਼ਾਰ, ਆਸ, ਤਾਂਘ, ਉਮੀਦ, ਦੂਰੀ, ਇੱਛਾ, ਤੜਪ, ਇਕੱਲਤਾ, ਬੇਗਾਨਗੀ, ਉਦਾਸੀ, ਨਿੱਘ ਆਦਿ-ਆਦਿ। ਉਡੀਕ 'ਭਾਵਵਾਚਕ ਨਾਂਵ' ਵੱਜੋਂ ਮਨ ਦੀ ਉਤਸੁਕਤਾ ਦਰਸਾਉਂਦਾ ਹੈ। ਇਕਵਚਨ- ਬਹੁਵਚਨ ਦੇ ਤੌਰ 'ਤੇ ਫ਼ਰਕ ਕਰਦਿਆਂ

'ਉਡੀਕ' ਥੋੜ੍ਹਚਿਰਾ ਇੰਤਜ਼ਾਰ ਹੈ; 'ਉਡੀਕਾਂ' ਲੰਮੇਰੀਆਂ। ਇਉਂ ਮਾਲਵੇ ਵਿੱਚ ਉਡੀਕਦੀਆਂ ਸ਼ਬਦ ਦਾ ਪ੍ਰਚਲਨ ਹੈ। ਅਤੇ ਮਾਝੇ-ਦੁਆਬੇ ਵਿੱਚ ਉਡੀਕਾਂ। ਇਸਦੇ ਭੂਗੋਲਿਕ, ਸਭਿਆਚਾਰਕ ਕਾਰਣ ਵੀ ਨੇ। ਦੁਆਬੇ 'ਚੋਂ ਜਾਂਦੇ ਵਿਦੇਸ਼ੀ ਰਾਹਾਂ ਨੇ ਉਡੀਕਾਂ ਵੱਡੀਆਂ ਕੀਤੀਆਂ ਹਨ:ਮਾਝੇ ਨੇ ਵੰਡ 'ਚੋਂ ਸੰਤਾਪ ਵਾਲੀਆਂ ਉਡੀਕਾਂ ਝੱਲੀਆਂ ਨੇ। ਨਾਟਕ ਵਿੱਚ ਉਡੀਕਾਂ: ਸਮੂਹਕਿਤਾ ਨਾਲ ਜੁੜਦੀਆਂ ਹਨ। ਔਰਤਾਂ ਇਕੱਠੀਆਂ ਬੈਠ ਦੁੱਖ ਹੌਲੇ ਕਰਦੀਆਂ ਹਨ। ਇਕ ਔਰਤ ਦੇ ਬੋਲ 'ਇਸ ਸੁੰਨ ਮਸਾਨ/ਸਟੇਸ਼ਨ 'ਤੇ /ਅਸੀਂ ਕਰੀਏ/ਉਡੀਕਾਂ' ਦਾ ਜਵਾਬ ਇਉਂ ਆਉਂਦਾ ਹੈ: *"ਗੱਡੀਆਂ ਆਵਣ/ਗੱਡੀਆਂ ਜਾਵਣ/ਪਰ ਉਹ ਨਾ ਆਵਣ/ਉਡੀਕਾਂ ਜਿਨ੍ਹਾਂ ਦੀਆਂ।"* [11] ਇੱਥੇ 'ਅਸੀਂ'; ਬਹੁਵਚਨੀ ਅਤੇ ਸਾਂਝ ਅਰਥ ਦਰਸਾ ਰਿਹਾ ਹੈ। ਇਹ ਦੋ ਕਾਵਿ-ਬੰਦ ਨਾਟਕ ਦਾ ਕੇਂਦਰੀ ਭਾਵ ਹਨ। ਗੱਡੀਆਂ, ਸਟੇਸ਼ਨ: ਜੀਵਨ ਚੱਲਣ-ਪਲਾਇਣ ਦੇ ਸੂਚਕ ਹਨ।

ਔਰਤਾਂ ਦੇ ਸੀਨਿਆਂ ਵਿੱਚ ਵੱਸਦੀ ਸੁੰਨ, ਪਾਠਕ ਦੀ ਸੁਰਤਿ ਨੂੰ ਝੰਜੋੜਦੀ ਹੈ। ਸੁੰਨਸਾਨ ਰੇਲਵੇ ਸਟੇਸ਼ਨ ਦੀ ਸੈਨਤ-ਸ਼ਨਾਖਤ ਨਾਲ ਨਾਟਕ ਹੋਰ ਗਹਿਰਾਈ ਪ੍ਰਾਪਤ ਕਰ ਗਿਆ ਹੈ। ਇਹ ਮੈਟਾਫਰ ਪੇਂਡੂ ਪੰਜਾਬੀ ਔਰਤਾਂ, ਲੋਕ ਬੋਲੀ ਅਤੇ ਦਿਹਾਤੀ ਇਲਾਕੇ ਦੇ ਰੇਲਵੇ ਸਟੇਸ਼ਨ ਦੀ ਜੀਵਨ-ਝਾਕੀ ਦਾ ਸੁੰਨਾਪਨ, ਸੱਖਣਾਪਣ ਹੀ ਹੈ। ਸ਼ਹਿਰੀ ਰੇਲਵੇ ਸਟੇਸ਼ਨ 'ਭੀੜ' ਦਾ ਵੀ ਹਿੱਸਾ ਬਣਦੇ ਹਨ; ਦਿਹਾਤੀ 'ਸੁੰਨਸਾਨ'। ਇਹ ਵਿਅੰਗਾਤਮਕ ਵਿਸ਼ੇਸ਼ਣੀ ਜੁਗਤ ਦਾ ਵਿਸ਼ਲੇਸ਼ਣ ਵਿਸ਼ੇਸ਼ ਧਿਆਨ ਮੰਗਦਾ ਹੈ:- *ਰੌਣਕਾਂ ਵਾਲੇ ਘਰਾਂ ਦੀਆਂ/ ਅਸੀਂ ਸੁੰਨ ਉਜਾੜਾਂ/ ਨੈਣ ਸੁੱਕੀਆਂ ਨਦੀਆਂ/ ਦੁੱਖ ਵਾਂਗ ਪਹਾੜਾਂ/ ਦਿਨ ਰਾਤ ਰਾਤ ਦਿਨ/ਤੇ ਇਹ ਉਡੀਕਾਂ'।* [12]

ਇਹ ਅੰਦਰੂਨੀ ਵਿਛੋੜੇ ਅਤੇ ਮਾਨਸਿਕ ਤੜਪਣ: ਦੇਸ਼-ਕਾਲ ਦੀ ਸਿਆਸੀ ਸਮਾਜਕ ਉਲਝਣ ਵੀ ਹੈ। ਹਿਰਦੇ ਦੀ ਡੂੰਘ ਵਿੱਚ ਪਈ ਦਹਿਸ਼ਤ, ਘਰਾਂ ਦੀ ਸੁੰਨ ਅਤੇ ਉਡੀਕਾਂ; ਸੱਤਾ ਨੂੰ ਸਵਾਲ ਕਰਦੀਆਂ ਹਨ। ਅਤੇ ਉੱਤਰ, ਉਡੀਕਾਂ ਨੇ:- *ਇਹ ਜੰਗ ਤਾਂ/ ਸਾਡੀ ਦਾਦੀ ਵੇਲੇ ਵੀ ਲੱਗੀ ਸੀ/ ਮੇਰੀ ਮਾਂ ਦੇ ਵੇਲੇ ਵੀ/ ਤੇ ਹੁਣ ਮੇਰੇ ਵੇਲੇ ਵੀ: ਭੈਣੇ ਕਈ ਪੀੜ੍ਹੀਆਂ ਬਦਲ ਗਈਆਂ/ ਕਈ ਪੀੜ੍ਹੀਆਂ ਖਾ ਲਈਆਂ/ ਚੰਦਰੀ ਜੰਗ ਨੇ/ ਕਈ ਹਾਕਮ ਆਏ ਤੇ ਗਏ /ਪਰ ਇਹ ਜੰਗ ਨਹੀਂ ਮੁੱਕੀ।* [13]

ਔਰਤਾਂ ਦੇ ਵਾਰਤਾਲਾਪ ਵਿਚਲੀ ਵੀਰਾਨਗੀ ਸਮਕਾਲ ਤੱਕ ਆਣ ਪਹੁੰਚਦੀ ਹੈ। ਉਹ ਲੰਮੀ ਲੜਾਈ ਲੜਦੀਆਂ ਵੇਦਨਾ ਦਾ ਸਫ਼ਰ ਤੈਅ ਕਰਦੀਆਂ ਹਨ। ਨਾਟਕਕਾਰ ਦੇ ਸ਼ਬਦਾਂ ਅਨੁਸਾਰ: *ਪਿਛਲੇ ਸਾਲ (ਮਈ 2025) ਵਿਚ ਜਦੋਂ ਭਾਰਤ-ਪਾਕਿਤਸਾਨ ਯੁੱਧ ਦੀ ਸ਼ੁਰੂਆਤ ਹੋਈ, ਤਾਂ ਉਸ ਵਕਤ ਮੈਂ ਉਨ੍ਹਾਂ ਬਹੁਤ ਸਾਰੀਆਂ ਮਾਵਾਂ, ਭੈਣਾਂ, ਪਤਨੀਆਂ ਦੇ ਚਿਹਰਿਆਂ ਦੇ ਹਾਵ-ਭਾਵ ਪੜ੍ਹਦਾ ਰਿਹਾਂ, ਜਿਨ੍ਹਾਂ ਦੇ ਪੁੱਤ ਆਪਣੇ ਮੁਲਕ ਲਈ ਜੰਗ ਲੜ ਰਹੇ ਸਨ। ਔਰਤਾਂ ਦੇ ਚਿਹਰਿਆਂ ਉੱਤੇ ਉਦਾਸੀ, ਉਡੀਕਾਂ ਵੀ ਨੇ, ਪੀੜਾਂ ਵੀ ਨੇ, ਤੇ ਸਵਾਲ ਵੀ।"* [14] ਉਜਾੜੇ, ਵਸੇਬੇ, ਅਤੀਤ 'ਤੇ ਬਣੇ ਸਵਾਲ ਤੰਗ ਕਰਦੇ ਹਨ।

ਯੁੱਧ ਵਿੱਚ ਅਣਖ ਲਈ ਭੇਜੇ ਸੂਰਬੀਰਾਂ ਨੂੰ 'ਉਡੀਕਣ' ਵਾਲੀਆਂ ਦੇ ਦਰਦ ਅਵੱਲੜੇ ਹਨ।

### ੲ. ਕਾਵਿ-ਨਾਟ: ਮੰਚਣ-ਵਿਧੀ

ਨਾਟਕ ਦੇ ਵਿਵਿਧ ਰੂਪਾਂ ਵਿੱਚ ਕਾਵਿ-ਨਾਟਕ ਦਾ 'ਨੇਮ ਪ੍ਰਬੰਧ' ਭਿੰਨ ਹੈ। ਕਵਿਤਾ ਅਤੇ ਨਾਟਕ ਦੇ ਸੁਮੇਲ ਵਾਲਾ। ਇਸ ਸੁਮੇਲਤਾ ਸਦਕਾ ਕਾਵਿ ਪੱਖ ਸਮੂਰਤ, ਸਥੂਲ ਰੂਪ ਧਾਰਨਾ ਕਰਦੇ ਹੋਏ ਅਤੀਤ ਤੋਂ ਭਵਿੱਖ ਦੀ ਯਾਤਰਾ ਕਰਦਾ ਹੈ। ਘਟਨਾਵਾਂ, ਪਾਤਰਾਂ ਦੀ ਹੋਂਦ-ਹੋਣੀ ਨਿਰਧਾਰਤ ਕਰਦੀਆਂ ਹਨ। ਕਾਵਿ ਅਤੇ ਨਾਟਕੀ ਗੁਣ ਰਚਮਿਚ ਜਾਂਦੇ ਹਨ। ਪਾਤਰਾਂ ਦੀਆਂ ਮਾਨਸਿਕ ਗਤੀਆਂ ਵੱਖ ਵੱਖ ਹੋਣ ਕਰਕੇ ਲੈਅ, ਗਤੀ ਵੱਖਰੀ ਰਹਿੰਦੀ ਹੈ। ਵਿਸ਼ੇ ਅਤੇ ਰੂਪ ਪੱਖ ਅਨੁਸਾਰ ਸੰਵਾਦ ਵਿੱਚ ਸਰੋਦੀ ਪੱਖ ਦੀ ਸੰਭਾਵਨਾ ਬਣੀ ਰਹਿੰਦੀ ਹੈ। ਬਿੰਬਾਵਲੀ, ਰੂਪਕ, ਉਪਮਾ, ਦ੍ਰਿਸ਼ਟਾਂਤ, ਪ੍ਰਤੀਕ ਆਦਿ ਰੂਪਾਕਾਰਕ ਵਿਸ਼ੇਸ਼ਤਾ 'ਚ ਸ਼ਾਮਲ ਹੁੰਦੇ ਹਨ। ਵਹਾਉ ਬਿੰਬ ਦੀ ਗਤੀਸ਼ੀਲਤਾ ਵਿੱਚ ਤ੍ਰਾਸਦਕ ਸੁਰ, ਵਿਅੰਗ ਹਾਜ਼ਰ ਰਹਿੰਦਾ ਹੈ। ਇਸ ਦੀ ਸਿਧਾਂਤਕੀ ਬਾਰੇ ਡਾ. ਮਨਜੀਤਪਾਲ ਕੌਰ ਨੇ ਲਿਖਿਆ ਹੈ: *"ਆਪ-ਮੁਹਾਰਾਪਣ ਤੋਂ ਬਚਣ ਲਈ ਕਾਵਿ-ਨਾਟ ਵਿਚਲੀ ਬਿੰਬਾਵਲੀ ਪ੍ਰਭੁਤਾਪੂਰਨ ਬਿੰਬ, ਵਹਾਉ-ਬਿੰਬ ਤੇ ਵਿਕੋਲਿਤਰੇ ਬਿੰਬ ਅਨੁਸਾਰ ਵਿਗਸ ਸਕਦੀ ਹੈ। ਪ੍ਰਭੁੱਤਾਪੂਰਨ ਬਿੰਬ ਉਹ ਚਿਹਨ ਹੈ ਜੋ ਕਾਵਿ-ਨਾਟ ਦੀ ਜੀਵਨ-ਸਾਮਗਰੀ ਨੂੰ ਵਿਸ਼ਾ-ਵਿਧਾਨ ਵਿਚ ਬਦਲਣ ਲਈ ਨਿਵਾਸ-ਸਥਾਨ ਪ੍ਰਦਾਨ ਕਰਦਾ ਹੈ। ਇਬਸਨ ਦੇ 'ਮਾਸਟਰ ਬਿਲਡਰ' ਵਿਚ ਮੀਨਾਰ, ਚੈਖੋਵ ਦੇ 'ਚੈਰੀ ਆਰਚਰਡ' ਵਿਚ ਫਲਾਂ ਦਾ ਬਾਗ ਤੇ ਲੋਰਕਾ ਦੇ 'ਹਾਊਸ ਆਫ ਬਰਨਾਰਡ ਆਲਬਾ' ਵਿਚ ਰੂਪਵਾਦੀ ਘਰ ਅਜਿਹੇ ਬਿੰਬ ਦੀਆਂ ਹੀ ਪ੍ਰਮੁੱਖ ਉਦਾਹਰਣਾਂ ਹਨ। ਬਾਹਰੀ ਤੌਰ ਤੇ ਤਾਂ ਇਹ ਬਿੰਬ ਪ੍ਰਤੀਕ ਨਾਲ ਮੇਲ ਖਾਂਦਾ ਹੈ ਪਰੰਤੂ ਪ੍ਰਤੀਕ ਨਾਲੋਂ ਇਸ ਵਿਚ ਇਕ ਵਿਸ਼ੇਸ਼ ਅੰਤਰ ਹੈ। ਅਧਿਕ ਸੂਖਮ ਵਿਸ਼ੇਸ਼ਤਾ ਵਸ ਪ੍ਰਤੀਕ ਦਾ ਸਮੂਰਤ ਆਕਾਰ ਮੱਧਮ ਪੈ ਜਾਂਦਾ ਹੈ। ਪ੍ਰਭੁਤਾਪੂਰਨ ਬਿੰਬ ਵਿਚ ਸੂਖਮ ਵਿਸ਼ੇਸ਼ਤਾ ਤੇ ਸਮੂਰਤ ਆਕਾਰ ਵਿਚਕਾਰ ਬਰਾਬਰ ਤਣਾਉ ਬਣਿਆ ਰਹਿੰਦਾ ਹੈ। ਵਹਾਉ-ਬਿੰਬ ਕਾਵਿ-ਨਾਟ ਦੇ ਆਦਿ ਤੋਂ ਅੰਤ ਤਕ ਇਕ ਲੜੀ, ਜਾਂ ਵਹਾਉ ਦੇ ਰੂਪ ਵਿਚ ਫੈਲੇ ਹੋਏ ਹੁੰਦੇ ਹਨ। ਹੈਮਲਿਟ ਵਿਚ ਰੋਗ-ਬਿੰਬ, ਮੈਕਬਿਥ ਵਿਚ ਰੱਤ-ਬਿੰਬ ਕਿੰਗ ਲੀਅਰ ਵਿਚ ਪਸ਼ੂ-ਬਿੰਬ ਤੇ ਉਥੈਲੋ ਵਿਚ ਸਾਗਰ-ਬਿੰਬ ਇਸ ਪ੍ਰਕਾਰ ਦੇ ਵਹਾਉ ਬਿੰਬ ਹਨ।"* [15] ਇਹ ਜਿਹੀ ਬਿੰਬਾਵਲੀ ਨਾਟਕੀ ਸੰਰਚਨਾ ਨੂੰ ਸਰਗਰਮੀ ਵਿੱਚ ਬੱਝਦੀ ਹੈ। ਇਉਂ ਸਮੂਹ ਗੀਤ ਮਦਦ ਕਰਦੇ ਹਨ। ਮੰਚ ਵਿਉਂਤਕਾਰ ਕੇਵਲ ਧਾਲੀਵਾਲ ਨੇ ਕਾਵਿ ਨੂੰ ਨਾਟ ਵਿੱਚ ਸੂਤਰਬੱਧ ਕਰਦੇ ਹੋਏ ਮੁੱਢ ਤੋਂ ਅੰਤ ਤੱਕ ਕਲਾਤਮਕਤਾ ਬਰਕਰਾਰ ਰੱਖੀ ਹੈ। ਸਕਰੀਨ 'ਤੇ ਲਾਲ ਲਹੂ ਦੇ ਛਿੱਟੇ; ਗੰਭੀਰ ਚਿੰਨ੍ਹ ਹੈ। ਗੀਤ, ਸੰਗੀਤ, ਆਵਾਜ਼ਾਂ, ਰੋਸ਼ਨੀ, ਪੇਂਟਿੰਗ ਆਦਿ ਦੇ ਮੰਚ ਪ੍ਰਭਾਵ ਜ਼ਰੀਏ ਅਦਾਕਾਰਾਂ ਦੀ ਪ੍ਰਤਿਭਾ ਨਿਖਰਦੀ ਹੈ। ਟਰੇਨ ਦੀ ਸੀਟੀ ਆਵਾਜ਼, ਸਟੇਸ਼ਨ-ਸੁੰਨ ਦ੍ਰਿਸ਼, ਔਰਤਾਂ ਦੇ ਕਿਰਦਾਰ 'ਆਦਿ ਉਡੀਕਾਂ 'ਤੇ ਟਿਕੇ ਹੋਏ ਹਨ। ਦਰਾਜ਼ 'ਚ ਸਾਂਭੀਆਂ ਯਾਦਾਂ, ਸੁਪਨੇ, ਦਰਦ, ਉਜਾੜੇ ਬੇਚੈਨ ਕਰਦੇ ਹਨ। ਪੁੱਤਾਂ ਦੇ ਘਰੋਂ ਲਾਂਭੇ ਹੋਣ 'ਤੇ ਸਾਰੀਆਂ ਸਵੇਰਾਂ ਗੁਆਚਦੀਆਂ ਹਨ। ਨਾਟਕ ਦਾ ਇੱਕ ਇੱਕ ਕਾਵਿ-ਬੋਲ, ਦ੍ਰਿਸ਼ ਵਿਸ਼ੇ ਦੀ ਸਾਰਥਕਤਾ ਨਾਲ ਨਿਆਂ ਕਰਦਾ ਹੈ। *'ਕੱਚੇ ਦੁੱਧ ਨੂੰ ਜਾਗ ਨਾ ਲਾਵਾਂ/ਉਡੀਕਾਂ ਪੁੱਤਰਾਂ ਦੀਆਂ/ਜਿੰਦੇ ਮੇਰੀਏ।'* ਵਰਗੇ ਲੋਕ-ਬੋਲ ਸੀਨਾ ਵਿੰਨ੍ਹਦੇ ਹਨ।

ਮੰਚਣ ਪ੍ਰਕਿਰਤੀ ਵਿੱਚ ਸ਼ਾਮਲ ਕਾਵਿ ਦੀ ਦ੍ਰਿਸ਼ਕਾਰੀ ਲਈ ਥਾਂ-ਥਾਂ ਨਿਰਦੇਸ਼ਕੀ ਸੰਕੇਤ ਦਿੱਤੇ ਗਏ ਹਨ। ਪਾਠ-ਪ੍ਰਬੰਧ ਅਤੇ ਦ੍ਰਿਸ਼-ਯੋਜਨਾ ਦਾ ਮੇਲ ਕਲਾ ਉਚਾਈ ਦੀ ਗਵਾਹੀ ਦਿੰਦਾ ਹੈ। ਸਿਰਲੇਖ ਪਿੱਛੇ ਲੁਕੇ ਅਰਥ ਗਹਿਰ-ਗੰਭੀਰ; ਦਿਮਾਗ ਨੂੰ ਕਈ ਪਾਸੇ ਘੁਮਾਉਂਦੇ ਹਨ।

ਕੇਵਲ ਧਾਲੀਵਾਲ ਮੰਚ ਨੂੰ 'ਨਵੀਂ ਸ਼ਕਲ' ਦੇਣ ਵਿੱਚ ਪ੍ਰਪੱਕ ਰੰਗਕਰਮੀ ਹੈ। ਪੰਜਾਬੀ ਨਾਟਕ ਉਸਦੇ ਰੰਗਮੰਚੀ ਅਨੁਭਵ ਤੋਂ ਹਮੇਸ਼ਾ ਹੀ ਢੇਰ ਉਮੀਦਾਂ ਰੱਖਦਾ ਹੈ।

### ਸ. ਅੰਤਲੇ ਸ਼ਬਦ: ਸਮਕਾਲੀ ਮਾਹੌਲ

ਸਮੇਂ ਦੀ ਆਪਣੀ ਤੋਰ ਹੈ। 'ਸੁਰਤਿ' ਦੇ ਛੇਵੇਂ ਅੰਕ ਵਿੱਚ ਸੰਪਾਦਕ ਲਿਖਦਾ ਹੈ: *'ਹਰ ਸਮੇਂ ਦੇ ਕਲੇਜੇ ਵਿੱਚ ਰਕਕ ਹੈ, ਇਸ ਦੀ ਪਛਾਣ ਜ਼ਾਮਨ ਤੇ ਜ਼ਹੀਨ ਸਾਹਿਤਕਾਰ ਕਰਦੇ ਹਨ। ਉਹ ਸਮਿਆਂ ਦੀ ਨਬਜ਼ 'ਤੇ ਉਂਗਲ ਰੱਖਦੇ ਅਤੇ ਉਸਦੀ*

*ਧੜਕਣ 'ਚੋ ਦਰਦ, ਤੜਫ਼ ਤੇ ਉਮੀਦ ਪਛਾਣਦੇ ਹਨ--- ਹਰ ਯੁੱਗ ਆਪਣੇ ਨਾਲ ਨਵੇਂ ਪ੍ਰਸ਼ਨ, ਸੰਕਟ, ਸੰਭਾਵਨਾਵਾਂ ਅਤੇ ਮੁੱਲ ਲਿਆਉਂਦਾ ਹੈ। ਸਮਕਾਲ ਨਾਲ ਸੰਵਾਦ ਕੇਵਲ ਵਰਤਮਾਨ ਨੂੰ ਸਮਝਣ ਲਈ ਨਹੀਂ – ਇਹ ਪਰੰਪਰਾ ਨੂੰ ਨਵੀਂ ਪ੍ਰਸੰਗਿਕਤਾ ਦਿੰਦਾ ਹੈ, ਆਲੋਚਨਾਤਮਕ ਚੇਤਨਾ ਜਗਾਉਂਦਾ ਹੈ ਅਤੇ ਭਵਿੱਖ ਦੀ ਦਿਸ਼ਾ ਰਚਦਾ ਹੈ। ਨਵੇਂ ਯੁਗ ਵਿਚ ਜਦੋਂ ਭਾਈਚਾਰਾ ਆਪਣੇ ਸਮਿਆਂ ਨਾਲ ਗੱਲ ਕਰਦਾ ਹੈ, ਉਹ ਜੀਂਦਾ ਥੀਂਦਾ ਰਹਿੰਦਾ ਹੈ। ਇਸ ਤੋਂ ਬਿਨਾਂ ਵਿਚਾਰ ਜੜ੍ਹ ਹੋ ਜਾਂਦੇ ਹਨ, ਪਰੰਪਰਾਵਾਂ ਰਸਮਾਂ ਬਣ ਜਾਂਦੀਆਂ ਹਨ ਅਤੇ ਮਨੁੱਖ ਆਪਣੀ ਹੀ ਹਕੀਕਤ ਤੋਂ ਕੱਟਿਆ ਜਾਂਦਾ ਹੈਂ।"* [16]

ਸਿਰਜਕ ਦੀ ਸਿਰਜਣਾਤਮਕ ਬਿਰਤੀ ਸਮਾਜਕ ਦਵੰਦ ਨੂੰ ਪ੍ਰਗਟਾ ਮੁੜ ਸਮਾਜ ਹਵਾਲੇ ਕਰਦੀ ਹੈ। ਸਮਾਜ ਦੀ ਤੇਜ਼ ਰਫ਼ਤਾਰ ਨੂੰ ਫੜਨ ਲਈ ਚਹੁੰ ਬੰਨੇ ਨਿਗਰਾਨੀ ਰੱਖਣੀ ਪੈਂਦੀ ਹੈ। ਉਦਾਹਰਣ ਵੱਜੋਂ ਅਮਰੀਕਾ ਦੀ ਸਰਮਾਏਦਾਰ ਸ਼੍ਰੇਣੀ ਨੇ ਕੁਦਰਤੀ ਸਰੋਤਾਂ ਦੀ ਲੁੱਟ ਖਸੁੱਟ ਦੇ ਨਾਲ ਨਾਲ ਕਮਜ਼ੋਰ ਮੁਲਕਾਂ ਨੂੰ ਡਰਾਉਣ ਧਮਕਾਉਣ ਲਈ 'ਜੰਗ ਜੁਗਤ' ਦੀ ਚੋਣ ਵਿੱਚ ਰੁਚੀ ਵਿਖਾਈ ਹੈ। ਖ਼ਾਨਾਜੰਗੀ 'ਚ ਦੇਸ਼ ਫਸਦੇ ਜਾ ਰਹੇ ਨੇ। ਜੰਗ ਵਿੱਚ ਤਬਾਹੀ, ਬਰਬਾਦੀ, ਗ਼ਰੀਬੀ ਨਿਸ਼ਚਿਤ ਹੈ। ਜਪਾਨ 'ਚ ਹੋਏ ਐਟਮੀ ਧਮਾਕੇ ਕਿਵੇਂ ਭੁਲਾਏ ਜਾ ਸਕਦੇ ਨੇ। ਤਕਨੀਕ ਨੇ ਜੋ ਮਾਰੂ ਅਤੇ ਵਾਧੂ ਦੂਰੀ ਤੱਕ ਮਾਰ ਕਰਨ ਵਾਲੇ ਹਥਿਆਰ ਔਜ਼ਾਰ ਬਣਾ ਦਿੱਤੇ ਹਨ; ਮਾਨਵੀ ਅਧਿਕਾਰਾਂ ਦੀ ਉਲੰਘਣਾ ਹੈ। ਅਮਰੀਕਾ ਨੀਤੀ ਬਾਰੇ ਸਵਰਾਜਬੀਰ ਦਾ ਮੰਨਣਾ ਹੈ ਕਿ: *"ਅਮਰੀਕਾ ਮਹਾਂਦੀਪ ਦੇ ਦੇਸ਼ਾਂ ਦੀ ਕਹਾਣੀ ਕਈ ਵਿਰੋਧਾਭਾਸਾਂ ਨਾਲ ਭਰੀ ਹੈ। ਯੂਰਪੀ ਬਸਤੀਵਾਦੀਆਂ (ਇੰਗਲੈਂਡ, ਸਪੇਨ, ਫਰਾਂਸ, ਪੁਰਤਗਾਲ ਆਦਿ) ਨੇ ਏਥੇ ਕਬਜ਼ਾ ਕਰ ਕੇ ਮੂਲਵਾਸੀਆਂ ਦੀ ਨਸਲਕੁਸ਼ੀ ਕੀਤੀ, ਅਫ਼ਰੀਕੀ ਦੇਸ਼ਾਂ ਦੇ ਫ਼ਰਦਾਂ 'ਤੇ ਅਕਹਿ ਜ਼ੁਲਮ ਕਰ ਕੇ ਉਨ੍ਹਾਂ ਨੂੰ ਗੁਲਾਮ ਬਣਾਇਆ, ਆਪਣੀਆਂ ਧਰਤਾਂ ਤੋਂ ਵਿਛੋੜਿਆ ਤੇ ਸਰਮਾਏਦਾਰੀ ਨਿਜ਼ਾਮਾਂ ਦੀ ਉਸਾਰੀ ਕੀਤੀ। ਇਸ ਅਮਲ ਨੇ ਯੂ.ਐੱਸ.ਏ. (ਜਿਸ ਨੂੰ ਆਮ ਕਰਕੇ ਅਸੀਂ ਅਮਰੀਕਾ ਕਹਿ ਲੈਂਦੇ ਹਾਂ) ਦੇ ਰੂਪ ਵਿਚ ਅਜਿਹੀ ਅਮਾਨਵੀ ਸਰਮਾਏਦਾਰੀ ਨੂੰ ਜਨਮ ਦਿੱਤਾ ਹੈ, ਜਿਸ ਨੇ ਵੀਹਵੀਂ ਸਦੀ ਦੇ ਚੌਥੇ ਦਹਾਕੇ ਤੋਂ ਬਾਅਦ ਜ਼ੁਲਮ ਤੇ ਲੁੱਟ ਦੇ ਨਵੇਂ ਬਾਬ ਲਿਖੇ ਹਨ।"* [17] ਵਿੱਤੀ ਮੋਹ, ਜੰਗ ਵੰਡਦਾ ਹੈ। ਇਹ ਮਨੁੱਖੀ ਦੁੱਖ ਨੂੰ ਮਹਿਸੂਸ ਕਰਨ-ਕਰਵਾਉਣ ਤੋਂ ਵੀ ਦੂਰ ਰਹਿੰਦਾ ਹੈ।

ਜੰਗ ਵਿੱਚ ਧੱਕਣ ਵਾਲੀਆਂ ਤਾਕਤਾਂ ਨੂੰ ਠੱਲ੍ਹ ਪਾਉਣੀ ਸਮੇਂ ਦੀ ਵੱਡੀ ਲੋੜ ਹੈ। ਕਲਾਵਾਨ ਜੰਗ ਖ਼ਿਲਾਫ਼ ਖੜ੍ਹਦੇ ਹਨ। ਕੇਵਲ ਧਾਲੀਵਾਲ ਨੇ ਸਹੀ ਸਮੇਂ ਇਸ ਨਾਟਕ ਦੀ ਸਿਰਜਣਾ ਕੀਤੀ ਹੈ। ਜੰਗ ਨੂੰ ਭੰਡਿਆ ਹੈ; ਉਡੀਕਾਂ ਨੂੰ ਸਮਝਿਆ ਹੈ, ਔਰਤਾਂ ਦੀ ਵੇਦਨਾ ਮਹਿਸੂਸ ਕੀਤੀ ਹੈ:-ਪੁੱਤ ਦੂਰ ਮਾਂਵਾਂ ਤੋਂ ਓਹਲੇ/ ਨਾ ਕਾਗ ਬਨੇਰੇ 'ਤੇ ਬੋਲੇ/ ਲੰਘ-ਲੰਘ ਜਾਣ ਤਰੀਕਾਂ/ ਹਾਏ ਮੁਕਣ ਨਾ ਉਡੀਕਾਂ /ਉਡੀਕਾਂ-ਉਡੀਕਾਂ-ਉਡੀਕਾਂ

ਸੋ ਕਹਿਣਾ ਬਣਦਾ ਹੈ ਕਿ ਜੰਗ ਅਤੇ ਔਰਤਾਂ ਦੀ ਵੇਦਨਾਮਈ ਹੂਕ ਦੁਆਲੇ ਸਿਰਜਿਆ ਗਿਆ ਸਬਦ 'ਉਡੀਕਾਂ' ਬਹੁਅਰਥੀ ਰੱਖਦਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਰਾਗ, ਜਨਵਰੀ-ਜੂਨ 2026, ਅੰਕ:22, ਸਫ਼ਾ/06*
2. *ਕੇਵਲ ਧਾਲੀਵਾਲ, ਉਡੀਕਾਂ, ਚੇਤਨਾ ਪ੍ਰਕਾਸ਼ਨ ਲੁਧਿਆਣਾ, 2026, ਸਫ਼ਾ/19*
3. *ਉਹੀ, ਸਫ਼ਾ/44*
4. *ਉਹੀ, ਸਫ਼ਾ/13*
5. *ਉਹੀ, ਸਫ਼ਾ/39*
6. *ਉਹੀ, ਸਫ਼ਾ /58*
7. *ਉਹੀ, ਸਫ਼ਾ/59*
8. *ਉਹੀ, ਸਫ਼ੇ/36-37*
9. *ਉਹੀ, ਸਫ਼ਾ/58*
10. *ਉਹੀ, ਸਫ਼ਾ/52*
11. *ਉਹੀ, ਸਫ਼ਾ/20-21*
12. *ਉਹੀ, ਸਫ਼ਾ/21*
13. *ਉਹੀ, ਸਫ਼ਾ/46*
14. *ਉਹੀ, ਸਫ਼ਾ/07*
15. *ਡਾ.ਮਨਜੀਤਪਾਲ ਕੌਰ, ਕਾਵਿ-ਨਾਟਕ, ਡਾ.ਸਤੀਸ਼ ਕੁਮਾਰ ਵਰਮਾ, ਡਾ.ਉਮਾ ਸੇਠੀ(ਸੰਪਾਦਕ), ਨਾਟ-ਸਿਧਾਂਤ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2017, ਸਫ਼ਾ/237*
16. *ਸੁਰਤਿ, ਵਰਖਾ ਰੁੱਤ, ਅੰਕ ਛੇਵਾਂ, ਸਫ਼ਾ/ 03*
17. *ਉਡੀਕਾਂ, ਸਫ਼ਾ/17*



### *Cite this Article-*

*ਡਾ. ਚੰਦਰ ਪ੍ਰਕਾਸ਼ (Dr. Chander Parkash), ਜੰਗ ਅਤੇ ਔਰਤਾਂ ਦੀ ਵੇਦਨਮਈ ਹੂਕ ਦਾ ਕਾਵਿ-ਨਾਟ: ਉਡੀਕਾਂ (Jang Ate Auratan Di Vedanmai Hook Da Kaav-Naat: Udeekan), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 112-115.*

*Journal URL:* www.armaan.org.in

*DOI:* https://doi.org/10.64119/armaan.vol.4.issue3.21



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/